ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ
ਦਾ ਡਿਜੀਟਲ ਅਖ਼ਬਾਰ

# ਖੇਤੀ ਸੰਦੇਸ਼




10 ਜੁਲਾਈ, 2024
ਅੰਕ : 358

ਸੰਪਾਦਕ: ਡਾ ਕੁਲਵਿੰਦਰ ਕੌਰ ਗਿੱਲ
ਸਹਿ ਸੰਪਾਦਕ: ਡਾ ਇੰਦਰਪ੍ਰੀਤ ਕੌਰ ਬੋਪਾਰਾਏ



## ਪੀ.ਏ.ਯੂ. ਦੇ ਵਾਈਸ ਚਾਂਸਲਰ ਨੇ ਹਰ ਵਿਦਿਆਰਥੀ ਨੂੰ ਰੁੱਖ ਲਾਉਣ ਦਾ ਸੱਦਾ ਦਿੱਤਾ



ਪੀ.ਏ.ਯੂ. ਦੇ ਡਾਇੰਮਡ ਜੁਬਲੀ ਵਰ੍ਹੇ ਦੌਰਾਨ ਯੂਨੀਵਰਸਿਟੀ ਵੱਲੋਂ ਕਲੀਨ ਅਤੇ ਗਰੀਨ ਮੁਹਿੰਮ ਵਜੋਂ ਹੁਣ ਇਕ ਮਹੀਨੇ ਤੱਕ ਰੁੱਖ ਲਾਉਣ ਦੀ ਮੁਹਿੰਮ ਚਲਾਈ ਗਈ ਹੈ। ਇਹ ਕਾਰਜ ਜੁਲਾਈ ਮਹੀਨੇ ਦੇ ਪਹਿਲੇ ਹਫਤੇ ਮਨਾਏ ਜਾਣ ਵਾਲੇ ਵਣ ਮਹਾਂਉਤਸਵ ਨਾਲ ਜੋੜਿਆ ਗਿਆ ਹੈ ਤਾਂ ਜੋ ਵਾਤਾਵਰਨ ਪ੍ਰਤੀ ਜਾਗਰੂਕਤਾ ਅਤੇ ਹਰਿਆਲੀ ਮੁਹਿੰਮ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸੇ ਕਾਰਜ ਮੁਤਾਬਿਕ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਰੁੱਖ ਲਾਉਣ ਦੀ ਮਹਤੱਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ ਵਿਚ ਪਹਿਲੇ ਸਾਲ ਦੇ ਵਿਦਿਆਰਥੀ ਇਸ ਮੁਹਿੰਮ ਦਾ ਧੁਰਾ ਹਨ ਅਤੇ ਵਿਦਿਆਰਥੀਆਂ ਨੂੰ ਅਕਾਦਮਿਕ ਸਫਰ ਦੇ ਨਾਲ-ਨਾਲ ਰੁੱਖ ਲਾਉਣ ਅਤੇ ਸੰਭਾਲਣ ਦੀ ਜ਼ਿੰਮੇਵਾਰੀ ਬਾਰੇ ਸੁਚੇਤ ਕੀਤਾ। ਉਹਨਾਂ ਨੇ ਕਿਹਾ ਕਿ ਰੁੱਖਾਂ ਤੋਂ ਬਗੈਰ ਮਨੁੱਖ ਦਾ ਭਵਿੱਖ, ਉਸਦੀਆਂ ਲੋੜਾਂ ਅਤੇ ਭੋਜਨ ਅਸੰਭਵ ਹੋਵੇਗਾ। ਉਹਨਾਂ ਨੇ ਖੇਤੀ ਉਤਪਾਦਨ ਦੇ ਨਾਲ-ਨਾਲ ਆਲੇ-ਦੁਆਲੇ ਰੁੱਖ ਲਾਉਣ ਦੀ ਲੋੜ ਤੇ ਜ਼ੋਰ ਦਿੱਤਾ। ਪੀ.ਏ.ਯੂ. ਵੱਲੋਂ ਇਸ ਦਿਸ਼ਾ ਵਿਚ ਮਾਨਸੂਨ ਰੁੱਤ ਵਿਚ 15,000 ਰੁੱਖ ਲਾਉਣ ਦਾ ਨਿਸ਼ਾਨਾ ਸਾਹਮਣੇ ਰੱਖਿਆ ਗਿਆ ਹੈ। ਵਾਈਸ ਚਾਂਸਲਰ ਨੇ ਕਿਹਾ ਕਿ ਹਰ ਵਿਦਿਆਰਥੀ ਲਾਵੇ ਇਕ ਰੁੱਖ ਨਾਅਰੇ ਨੂੰ ਪੀ.ਏ.ਯੂ. ਕੈਂਪਸ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰਾਂ, ਖੋਜ ਕੇਂਦਰਾਂ ਅਤੇ ਬੀਜ ਫਾਰਮਾਂ ਤੱਕ ਪਹੁੰਚਾਇਆ ਜਾਵੇਗਾ।

## ਜੰਮਿਆ ਸ਼ਹਿਦ ਵੀ ਸ਼ੁੱਧ ਹੁੰਦਾ ਹੈ


ਤਰਲ ਸ਼ਹਿਦ


ਜੰਮਿਆ ਸ਼ਹਿਦ


ਕਰੀਮ ਹਨੀ (ਜੰਮਿਆ ਸ਼ਹਿਦ)

ਸ਼ੁੱਧ ਸ਼ਹਿਦ ਹੋ ਸਕਦਾ ਹੈ ਕਿ:- ਤਰਲ ਰਹੇ ਜਾਂ ਜੰਮ ਜਾਵੇ

**ਸ਼ਹਿਦ ਜੰਮਣ ਦੇ ਕਾਰਣ ਹੇਠ ਦਰਸ਼ਾਏ ਗਏ ਹਨ:**

- ਗੁਲੂਕੋਜ਼ (ਜੋ ਕਿ ਕੁਦਰਤੀ ਤੋਰ ਤੇ ਸ਼ਹਿਦ ਵਿੱਚ ਮੌਜੂਦ ਹੁੰਦੀ ਹੈ): ਪਾਣੀ ਅਨੁਪਾਤ
  - ਤਰਲ ਸ਼ਹਿਦ ਵਿੱਚ 1.8 ਤੋਂ ਘੱਟ
  - ਜੰਮੇ ਸ਼ਹਿਦ ਵਿੱਚ 2.1 ਤੋਂ ਵੱਧ
- ਫਰੱਕਟੋਜ਼: ਗੁਲੂਕੋਜ਼ ਅਨੁਪਾਤ
  - ਤਰਲ ਸ਼ਹਿਦ ਵਿੱਚ 1.33 ਤੋਂ ਵੱਧ
  - ਜੰਮੇ ਸ਼ਹਿਦ ਵਿੱਚ 1.11 ਤੋਂ ਘੱਟ
- ਸ਼ਹਿਦ ਵਿੱਚ ਪੋਲਣ ਦੇ ਕਣਾਂ ਦੀ ਹੋਂਦ
- ਸ਼ਹਿਦ ਦਾ $14^{o}$ ਸੈਂਟੀਗਰੇਡ ਤੋਂ ਘੱਟ ਤਾਪਮਾਨ ਤੇ ਭੰਡਾਰਨ ਇਸ ਨੂੰ ਜਲਦੀ ਜੰਮਾ ਦਿੰਦਾ ਹੈ

**ਕਰੀਮ ਹਨੀ :** ਇਹ ਸ਼ਹਿਦ ਦਾ ਇੱਕ ਅਜਿਹਾ ਰੂਪ ਹੈ ਜਿਸ ਵਿਚ ਸ਼ਹਿਦ ਨੂੰ ਵਿਗਿਆਨਕ ਢੰਗ ਨਾਲ ਇਕਸਾਰ ਜੰਮਾ ਕੇ ਉਸ ਦੀ ਮਹੀਨ ਕਰੀਮ ਤਿਆਰ ਕੀਤੀ ਜਾਂਦੀ ਹੈ

**ਜੰਮੇ/ਕਰੀਮ ਹਨੀ ਦਾ ਫਾਇਦਾ :** ਸ਼ਹਿਦ ਦੇ ਖੁਰਾਕੀ ਤੱਤ ਪੂਰੀ ਤਰ੍ਹਾਂ ਬਰਕਰਾਰ ਰਹਿੰਦੇ ਹਨ

ਸ਼ਹਿਦ ਦਾ ਜੰਮਣਾ ਔਗੁਣ ਨਹੀਂ

ਜਸਪਾਲ ਸਿੰਘ, ਅਮਿਤ ਚੌਧਰੀ ਅਤੇ ਭਾਰਤੀ ਮੋਹਿੰਦਰੂ, ਕੀਟ ਵਿਗਿਆਨ ਵਿਭਾਗ
ਮੋਬਾਇਲ: 80546-04967

# ਮੱਕੀ ਦੀ ਫ਼ਸਲ ਨੂੰ ਫ਼ਾਲ ਆਰਮੀਵਰਮ ਦੇ ਹਮਲੇ ਤੋਂ ਬਚਾਉਣ ਲਈ ਸਰਵੇਖਣ ਕਰੋ

ਪੰਜਾਬ ਵਿੱਚ ਆਉਣ ਵਾਲੇ ਸਮੇਂ ਵਿੱਚ ਮੱਕੀ ਦੀ ਫ਼ਸਲ ਤੇ ਫ਼ਾਲ ਆਰਮੀਵਰਮ ਦਾ ਹਮਲਾ ਵੱਧ ਸਕਦਾ ਹੈ। ਇਸ ਕੀੜੇ ਦੀ ਜ਼ਿਆਦਾ ਵੱਧਣ- ਫੁੱਲਣ ਦੀ ਸਮਰੱਥਾ ਕਾਰਣ ਇਹ ਘੱਟ ਸਮੇਂ ਵਿੱਚ ਹੀ ਜ਼ਿਆਦਾ ਖੇਤਰ ਵਿੱਚ ਫ਼ੈਲ ਜਾਂਦਾ ਹੈ। ਕਿਸਾਨ ਵੀਰਾਂ ਨੂੰ ਸ਼ੁਰੂ ਤੋਂ ਹੀ ਖੇਤਾਂ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਹਮਲਾ ਦਿਸਦੇ ਹੀ ਤੁਰੰਤ ਰੋਕਥਾਮ ਕਰਨੀ ਚਾਹੀਦੀ ਹੈ।



ਚਿੱਤਰ 1. ਫ਼ਾਲ ਆਰਮੀਵਰਮ ਦੀ ਸੁੰਡੀ

**ਸਰਵੇਖਣ ਦਾ ਢੰਗ:**

- ਫ਼ਸਲ ਦਾ ਸਰਵੇਖਣ ਹਫ਼ਤੇ ਦੇ ਵਕਫ਼ੇ ਤੇ ਕਰਦੇ ਰਹਿਣਾ ਚਾਹੀਦਾ ਹੈ ।
- ਆਮ ਤੌਰ ਤੇ ਇਸ ਕੀੜੇ ਦਾ ਹਮਲਾ ਖੇਤਾਂ ਵਿੱਚ ਧੌੜੀਆਂ ਵਿੱਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿੱਚ ਫ਼ੈਲ ਜਾਂਦਾ ਹੈ।
- ਸਰਵੇਖਣ ਲਈ ਖੇਤ ਦੀਆਂ ਸਾਈਡਾਂ ਤੋਂ 4-5 ਕਤਾਰਾਂ ਛੱਡ ਕੇ 'W' ਦੇ ਆਕਾਰ ਵਿੱਚ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ।
- ਇੱਕ ਥਾਂ ਤੇ ਰੁੱਕ ਕੇ ਉਸ ਜਗ੍ਹਾਂ ਤੋਂ 20-20 ਪੌਦਿਆਂ ਨੂੰ ਚੰਗੀ ਤਰ੍ਹਾਂ ਪਰਖੋ ਅਤੇ ਹਮਲੇ ਵਾਲੇ ਪੌਦਿਆਂ ਦੀ ਗਿਣਤੀ ਕਰੋ ।


ਚਿੱਤਰ 2: ਛੋਟੀਆਂ ਸੁੰਡੀਆਂ ਦੇ ਹਮਲੇ ਕਾਰਣ ਕਾਗਜ਼ੀ ਨਿਸ਼ਾਨ

**ਫ਼ਾਲ ਆਰਮੀਵਰਮ ਦੀ ਪਹਿਚਾਣ:**

- ਫ਼ਾਲ ਆਰਮੀਵਰਮ ਦੀ ਸੁੰਡੀ ਦੀ ਪਛਾਣ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਪੁੱਠੇ ਨਿਸ਼ਾਨ ਅਤੇ ਪਿਛਲੇ ਸਿਰੇ ਵੱਲ ਚੌਰਸ ਆਕਾਰ ਵਿੱਚ ਬਣੇ ਚਾਰ ਬਿੰਦੂਆਂ ਤੋਂ ਹੋ ਜਾਂਦੀ ਹੈ (ਚਿੱਤਰ:1)।
- ਇਸ ਦਾ ਪਿਉਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਤੇ ਜ਼ਮੀਨ ਅੰਦਰ ਹੁੰਦਾ ਹੈ।
- ਨਰ ਪਤੰਗੇ ਦੇ ਅਗਲੇ ਖੰਭਾਂ ਦੇ ਮੱਧ ਵਿੱਚ ਇੱਕ ਹਲਕੇ ਭੂਰੇ ਰੰਗ ਦਾ ਧੱਬਾ ਅਤੇ ਸਿਰੇ ਤੇ ਚਿੱਟੇ ਰੰਗ ਦੀ ਪੱਟੀ ਹੁੰਦੀ ਹੈ।
- ਇਸ ਕੀੜੇ ਦੇ ਵੱਧਣ ਫੁੱਲਣ ਵਿੱਚ ਮੌਸਮ ਵੀ ਇੱਕ ਪ੍ਰਮੁੱਖ ਭੂਮਿਕਾ ਹੈ ।
- ਇਸ ਕੀੜੇ ਦੇ ਤੇਜ਼ੀ ਨਾਲ ਵਿਕਾਸ ਲਈ ਔਸਤਨ 25-30 ਡਗਿਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ ।
- ਪੰਜਾਬ ਵਿੱਚ ਸਾਉਣੀ ਰੁੱਤ ਵਿੱਚ ਇਸ ਦਾ ਜ਼ਿਆਦਾ ਹਮਲਾ ਜੁਲਾਈ ਤੋਂ ਸਤੰਬਰ ਵਿੱਚ ਵੇਖਿਆ ਗਿਆ ਹੈ।


ਚਿੱਤਰ 3. ਵੱਡੀਆਂ ਸੁੰਡੀਆਂ ਦੇ ਗੋਭ ਦੇ ਪੱਤਿਆਂ ਤੇ ਹਮਲੇ ਦੀਆਂ ਨਿਸ਼ਾਨੀਆਂ

**ਮੱਕੀ ਤੇ ਨੁਕਸਾਨ ਦੇ ਲੱਛਣ:**

- ਫ਼ਾਲ ਆਰਮੀਵਰਮ ਛੋਟੀ ਫ਼ਸਲ ਤੋਂ ਲੈ ਕੇ ਛੱਲੀ ਬਣਨ ਤੱਕ ਫ਼ਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ ਪਰ ਗੋਭ ਵਿੱਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ।
- ਹਮਲੇ ਦੇ ਸ਼ੁਰੂਆਤ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹਿ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਣ ਪੱਤਿਆਂ ਉੱਤੇ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ (ਚਿੱਤਰ:2)।
- ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ।
- ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵੱਧਦਾ ਜਾਂਦਾ ਹੈ।
- ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿੱਚ ਭਾਰੀ ਮਾਤਰਾ ਵਿੱਚ ਵਿੱਠਾਂ ਦਿੰਦੀਆਂ ਹਨ (ਚਿੱਤਰ: 3)।
- ਦਿਨ ਦੇ ਸਮੇਂ ਸੁੰਡੀਆਂ ਗੋਭ ਵਿੱਚ ਲੁਕ ਜਾਂਦੀਆਂ ਹਨ।

**ਰੋਕਥਾਮ**: ਇਸ ਕੀੜੇ ਦੀ ਰੋਕਥਾਮ ਲਈ ਖੇਤ ਵਿੱਚ ਸੁੰਡੀਆਂ ਨਜ਼ਰ ਆਉਂਦੇ ਸਾਰ ਹੀ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੰਤਵ ਦੀ ਪੂਰਤੀ ਲਈ ਪੀ. ਏ. ਯੂ. ਵੱਲੋ ਸਿਫ਼ਾਰਸ਼ ਕੀਤੇ ਕਾਸ਼ਤਕਾਰੀ ਉਪਰਾਲੇ ਅਪਣਾਉ ਅਤੇ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦੀ ਹੀ ਵਰਤੋਂ ਕਰੋ। ਬੈਸੀਲਸ ਥੁਰੀਨਜਿਐਨਸਿਸ (ਬੀ. ਟੀ.) ਆਧਾਰਿਤ ਜੈਵਿਕ ਕੀਟਨਾਸ਼ਕਾ ਦੀ ਵਰਤੋਂ ਨੂੰ ਤਰਜੀਹ ਦਿਓ।

ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਸਮੇਂ ਸਿਰ ਅਤੇ ਵਿਆਪਕ ਪੱਧਰ ਤੇ ਉਪਰਾਲੇ ਕਰਨ ਨਾਲ ਫ਼ਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ।

**ਜਵਾਲਾ ਜਿੰਦਲ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਪ੍ਰਭਜੋਤ ਕੌਰ**
**ਮੋਬਾਇਲ:99884-01521**

# ਅੰਬਾਂ ਅਤੇ ਨਾਖਾਂ ਦੀ ਪ੍ਰਦਰਸ਼ਨੀ ਤੇ ਗੋਸ਼ਟੀ


ਪੰਜਾਬ ਐਗਰੀਕਲਚਰਲ ਯੂਨੀਵਰਸਿਟੀ **ਐੱਮ ਐੱਸ ਰੰਧਾਵਾ ਫ਼ਲ ਖੋਜ ਕੇਂਦਰ, ਗੰਗੀਆ (ਦਸੂਹਾ), ਹੁਸ਼ਿਆਰਪੁਰ** ਵੱਲੋਂ **ਮਿਤੀ 16 ਜੁਲਾਈ, 2024, ਦਿਨ ਮੰਗਲਵਾਰ** ਨੂੰ ਅੰਬਾਂ ਅਤੇ ਨਾਖਾਂ ਦੀ ਪ੍ਰਦਰਸ਼ਨੀ ਤੇ ਗੋਸ਼ਟੀ ਲਗਾਈ ਜਾ ਰਹੀ ਹੈ । ਜਿਸ ਵਿੱਚ ਪੰਜਾਬ ਖੇਤ-ਬਾੜੀ ਯੂਨੀਵਰਸਿਟੀ ਅਤੇ ਬਾਗਬਾਨੀ ਵਿਭਾਗ (ਪੰਜਾਬ) ਦੇ ਮਾਹਿਰਾਂ ਵਲੋਂ ਕਿਸਾਨਾਂ ਤੇ ਬਾਗਬਾਨਾਂ ਨਾਲ ਫਲਾਂ ਦੀ ਮਿਆਰੀ ਪੈਦਾਵਾਰ, ਕਾਂਟ ਛਾਂਟ, ਸੁਧਰੀਆਂ ਕਿਸਮਾਂ, ਖਾਦਾਂ ਦੀ ਮਹੱਤਤਾ, ਫਲ ਭੰਡਾਰਨ, ਮੰਡੀਕਰਨ ਅਤੇ ਕੀੜੇ ਮਕੌੜੇ ਤੇ ਬਿਮਾਰੀਆਂ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਸ ਮੌਕੇ ਤੇ ਵੱਖ-ਵੱਖ ਵਿਭਾਗਾਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ । ਸਮੂਹ ਕਿਸਾਨਾਂ ਤੇ ਬਾਗਬਾਨਾਂ ਨੂੰ ਹੁੰਮ-ਹੁੰਮਾਂ ਕੇ ਪੁੱਜਣ ਦੀ ਅਪੀਲ ਕੀਤੀ ਜਾਦੀ ਹੈ ।

**ਗੋਸ਼ਟੀ ਦਾ ਸਥਾਨ- ਰੀਤ ਫਾਰਮ, ਸਾਹਮਣੇ ਕੋਰਟ ਕੰਪਲੈਕਸ, ਦਸੂਹਾ, ਹੁਸ਼ਿਆਰਪੁਰ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**: 88724-28885, 81461-00711, 83607-36046.

# ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਰੁੱਖ ਲਗਾਓ





| ਰੁੱਖ ਦਾ ਨਾਮ | ਢੁੱਕਵਾਂ ਸਮਾਂ | ਫ਼ਾਸਲਾ | ਆਰਥਿਕ ਲਾਭ |
|---|---|---|---|
| ਟਾਹਲੀ | ਜੁਲਾਈ-ਅਗਸਤ, ਮਾਰਚ ਅਪ੍ਰੈਲ | 3- 5 ਮੀ. ਬੰਨਿਆਂ 'ਤੇ | ਇਮਾਰਤੀ ਲੱਕੜ, ਫਰਨੀਚਰ, ਬਾਲਣ |
| ਸਫੈਦਾ | ਫਰਵਰੀ -ਸਤੰਬਰ (ਵਧੀਆ ਸਿੰਚਾਈ ਸਹੂਲਤਾਂ) | 3 ਮੀ. ਬੰਨਿਆਂ ਤੇ, 4x2 ਮੀ. ਸਾਰੇ ਖੇਤ 'ਚ | ਟਿੰਬਰ, ਪਲਪ ਤੇ ਪੇਪਰ, ਬੱਲੀਆਂ, ਇਮਾਰਤੀ ਲੱਕੜ, ਬਾਲਣ |
| ਪਾਪਲਰ | ਅੱਧ ਜਨਵਰੀ-ਫਰਵਰੀ ਅੰਤ ਤੱਕ | 3 ਮੀ. ਬੰਨਿਆਂ ਤੇ, 5x4 ਮੀ. ਜਾਂ 8x2.5 ਮੀ. ਸਾਰੇ ਖੇਤ 'ਚ | ਪਲਾਈ, ਮਾਚਸ ਦੀਆਂ ਤੀਲਾਂ, ਪਲਪ ਤੇ ਪੇਪਰ, ਪੈਕਿੰਗ ਲਈ ਡੱਬੇ |
| ਬਰਮਾਂ ਡੇਕ | ਜੁਲਾਈ-ਅਗਸਤ, ਫਰਵਰੀ-ਮਾਰਚ | 4 ਮੀ. ਬੰਨਿਆਂ 'ਤੇ | ਇਮਾਰਤੀ ਲੱਕੜ, ਪਲਾਈ ਬੋਰਡ, ਫਰਨੀਚਰ |
| ਬਕੈਨ | ਜੁਲਾਈ-ਅਗਸਤ | ਖੂਹਾਂ/ਘਰਾਂ ਵਿੱਚ 3 ਮੀ. 'ਤੇ | ਛਾਂ, ਸਜਾਵਟੀ ਰੁੱਖ |
| ਨਿੰਮ | ਜੁਲਾਈ-ਅਗਸਤ | 3- 5 ਮੀ. ਬੰਨਿਆਂ 'ਤੇ | ਦਵਾਈਆਂ, ਬਾਇਓ-ਖੇਤੀ ਜ਼ਹਿਰਾਂ, ਸਜਾਵਟੀ ਰੁੱਖ |
| ਤੁਣ | ਜੁਲਾਈ-ਅਗਸਤ | 5 ਮੀ. ਬੰਨਿਆਂ 'ਤੇ | ਇਮਾਰਤੀ ਲੱਕੜ, ਛਾਂ, ਬਾਲਣ |
| ਸੁਹੰਜਣਾ | ਜੁਲਾਈ-ਅਗਸਤ, ਮਾਰਚ ਅਪ੍ਰੈਲ | 3 ਮੀ. ਬੰਨਿਆਂ ਤੇ, 3x2 ਮੀ. ਸਾਰੇ ਖੇਤ 'ਚ | ਦਵਾਈਆਂ, ਚਾਰਾ, ਸਜਾਵਟੀ ਰੁੱਖ |
| ਸਰੀਂਹ | ਜੁਲਾਈ-ਅਗਸਤ | ਸੜ੍ਹਕਾਂ, ਸਾਂਝੀਆ ਥਾਵਾਂ 'ਤੇ 4- 5 ਮੀ. | ਬਾਲਣ, ਸਜਾਵਟੀ ਰੁੱਖ |
| ਕਿੱਕਰ | ਜੁਲਾਈ-ਅਗਸਤ | 4- 5 ਮੀ. ਬੰਨਿਆਂ 'ਤੇ | ਬਾਲਣ, ਖੇਤੀ ਦੇ ਸੰਦ |
| ਲਸੂੜਾ | ਜੁਲਾਈ-ਅਗਸਤ | 4- 5 ਮੀ. ਬੰਨਿਆਂ 'ਤੇ | ਸਜਾਵਟੀ ਰੁੱਖ, ਅਚਾਰ |
| ਤੂਤ | ਜਨਵਰੀ-ਫਰਵਰੀ | 4 ਮੀ. ਬੰਨਿਆਂ 'ਤੇ | ਖੇਡਾਂ ਦਾ ਸਮਾਨ, ਰੇਸ਼ਮ ਦੇ ਕੀੜੇ ਪਾਲਣ ਵਾਸਤੇ, ਚਾਰਾ |
| ਬਹੇੜਾ | ਜੁਲਾਈ-ਅਗਸਤ | 6 ਮੀ. ਬੰਨਿਆਂ 'ਤੇ | ਦਵਾਈਆਂ, ਸਜਾਵਟੀ ਰੁੱਖ |
| ਹਰੜ | ਜੁਲਾਈ-ਅਗਸਤ | 6 ਮੀ. ਬੰਨਿਆਂ 'ਤੇ | ਦਵਾਈਆਂ, ਸਜਾਵਟੀ ਰੁੱਖ |
| ਅਰਜਨ | ਜੁਲਾਈ-ਅਗਸਤ | 5 ਮੀ. ਬੰਨਿਆਂ 'ਤੇ | ਦਵਾਈਆਂ, ਸਜਾਵਟੀ ਰੁੱਖ |

ਗੁਰਵਿੰਦਰ ਪਾਲ ਸਿੰਘ ਢਿਲੋਂ ਅਤੇ ਬਲਜੀਤ ਸਿੰਘ, ਵਣ ਅਤੇ ਕੁਦਰਤੀ ਸੋਮੇਂ ਵਿਭਾਗ
ਮੋਬਾਇਲ: 814630-0636

# ਘੱਟ ਉਪਜਾਉ ਜ਼ਮੀਨਾਂ ਅਤੇ ਬਰਾਨੀ ਹਾਲਤਾਂ ਲਈ ਢੁੱਕਵੀਂ ਤੇਲ ਬੀਜ ਫ਼ਸਲ : ਤਿਲ਼

ਭਾਰਤ ਤਿਲ਼ ਦਾ ਨਿਰਯਾਤ ਕਰਨ ਵਾਲਾ ਇੱਕ ਪ੍ਰਮੁੱਖ ਦੇਸ਼ ਹੈ।ਭਾਰਤ ਵੱਲੋਂ ਹਰ ਸਾਲ 60 ਤੋਂ ਵੱਧ ਦੇਸ਼ਾਂ ਨੂੰ ਰੁ: 3000-3500 ਕਰੋੜ ਮੁੱਲ ਦੇ ਤਿਲ਼ ਦੇ ਬੀਜਾਂ ਦਾ ਨਿਰਯਾਤ ਕੀਤਾ ਜਾਂਦਾ ਹੈ।ਤਿਲ਼ ਦੀ ਲਗਾਤਾਰ ਵੱਧ ਰਹੀ ਮੰਗ ਪੂਰੀ ਕਰਨ ਦੇ ਮਕਸਦ ਨਾਲ ਤਿਲ਼ਾਂ ਦੀ ਕਾਸ਼ਤ ਨੂੰ ਉਤਸਾਹਤ ਕਰਨ ਲਈ ਕੇਂਦਰ ਸਰਕਾਰ ਵੱਲੋਂ ਇਸ ਦੇ ਨਯੂਨਤਮ ਸਮਰਥਨ ਮੁੱਲ ਲਗਾਤਾਰ ਵਾਧਾ ਕੀਤਾ ਰਿਹਾ ਹੈ (ਸਨ 2021-22 ਵਿੱਚ ਰੁ: 7307, ਸਨ 2022-23 ਲਈ ਰੁ: 7830 ਅਤੇ ਸਨ 2023-24 ਰੁ:8635 ਅਤੇ 2024-25 ਲਈ ਰੁ: 9267 ਪ੍ਰਤੀ ਕੁਇੰਟਲ)। ਤਿਲ਼ ਬਹੁਤ ਘੱਟ ਲਾਗਤ, ਘੱਟ ਉਪਜਾਉ ਜਮੀਨਾਂ ਅਤੇ ਬਰਾਨੀ ਹਾਲਤਾਂ ਵਿੱਚ ਹੋਰ ਫ਼ਸਲਾਂ ਦੇ ਮੁਕਾਬਲੇ ਜਿਆਦਾ ਮੁਨਾਫਾ ਦੇਣ ਵਾਲੀ ਫ਼ਸਲ ਹੈ।ਅਨੁਕੂਲ ਵਾਤਾਵਰਣ ਅਤੇ ਇਸ ਦੀ ਕਾਸ਼ਤ ਲਈ ਹੇਠ ਲਿਖਿਆਂ ਕਾਸ਼ਤ ਦੀਆਂ ਸੁੱਚਜਿਆਂ ਤਕਨੀਕਾਂ ਅਪਣਾ ਕੇ 4-5 ਕੁਇੰਟ਼ਲ ਪ੍ਰਤੀ ਏਕੜ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ।

**ਕਿਸਮਾਂ:**

| ਕਿਸਮ | ਔਸਤ ਝਾੜ (ਕਿੱਲੋ ਪ੍ਰਤੀ ਏਕੜ) | ਪੱਕਣ ਲਈ ਸਮਾਂ | ਤੇਲ (%) |
|---|---|---|---|
| ਪੰਜਾਬ ਤਿਲ਼ ਨੰ. 2 | 280 | 90 | 49 |
| ਆਰ ਟੀ 346 | 260 | 87 | 49 |

**ਖੇਤ ਦੀ ਚੋਣ ਅਤੇ ਤਿਆਰੀ**: ਦਰਮਿਆਨੀ ਉਪਜਾਉ ਸ਼ਕਤੀ ਅਤੇ ਨਮੀ ਸੰਭਾਲ ਸਕਣ ਵਾਲੀ ਰੇਤਲੀ ਮੈਰਾ ਜਾਂ ਮੈਰਾ ਰੇਤਲੀ ਜਮੀਨ ਤਿਲ਼ ਦੀ ਕਾਸ਼ਤ ਲਈ ਸੱਭ ਤੋਂ ਢੁੱਕਵੀਂ ਹੈ।ਕੱਲਰਾਠਿਆਂ ਜਮੀਨਾਂ ਵਿੱਚ ਇਸ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ। ਖੇਤ ਤੋਂ ਜਲ ਨਿਕਾਸੀ ਦਾ ਚੰਗਾ ਪ੍ਰਬੰਧ ਹੋਣਾ ਚਾਹੀਦਾ ਹੈ।ਤਿਲ਼ ਦਾ ਬੀਜ ਬਰੀਕ ਹੋਣ ਕਾਰਣ ਇਸ ਦੇ ਚੰਗੇ ਜਮਾਅ, ਨਦੀਨਾਂ ਅਤੇ ਪਿਛਲੀ ਫ਼ਸਲ ਦੇ ਰਹਿੰਦ ਖੂੰਹਦ ਤੋਂ ਰਹਿਤ ਬਿਜਾਈ ਜੋਗ ਖੇਤ ਤਿਆਰ ਕਰਨ ਲਈ ਹਲ ਜਾਂ ਤਵੀਆਂ ਨਾਲ 2-3 ਵਾਰ ਵਾਹੀ ਕਰੋ ਅਤੇ ਹਰ ਇਕ ਵਾਹੀ ਬਾਅਦ ਸੁਹਾਗਾ ਫੇਰੋ।

**ਬਿਜਾਈ ਦਾ ਸਮਾਂ**: ਚੰਗਾ ਮੀਂਹ ਪੈਣ ਉਪਰੰਤ ਜਾਂ ਭਰਵੀ ਰੌਣੀ ਕਰਕੇ ਤਿਲ਼ਾਂ ਦੀ ਬਿਜਾਈ ਜੁਲਾਈ ਦੇ ਪਹਿਲੇ ਪੰਦਰਵਾੜੇ ਵਿੱਚ ਕਰਨੀ ਚਾਹੀਦੀ ਹੈ।ਪਛੇਤੀ ਬਿਜਾਈ ਦੀ ਸੂਰਤ ਵਿੱਚ ਅਗਲੀ ਫ਼ਸਲ ਦੀ ਬਿਜਾਈ ਦੇਰੀ ਨਾਲ ਹੋਣ ਦਾ ਮਾੜਾ ਅਸਰ ਫ਼ਸਲ ਦੇ ਝਾੜ ਤੇ ਪੈਂਦਾ ਹੈ।

**ਬੀਜ ਦੀ ਮਾਤਰਾ**: ਇੱਕ ਕਿਲੋ ਬੀਜ ਪ੍ਰਤੀ ਏਕੜ।

**ਬਿਜਾਈ ਦਾ ਢੰਗ**: ਬਿਜਾਈ ਪੋਰ ਜਾਂ ਡਰਿਲ ਨਾਲ ਕਰੋ। ਕਤਾਰ ਤੋਂ ਕਤਾਰ ਦਾ ਫ਼ਾਸਲਾ 30 ਸੈਂਟੀਮੀਟਰ ਅਤੇ ਬੀਜ ਦੀ ਡੂੰਘਾਈ 4-5 ਸੈਂਟੀ ਮੀਟਰ ਰੱਖੋ।ਬੀਜ ਦੇ ਬਰੀਕ ਅਕਾਰ ਅਤੇ ਬਿਜਾਈ ਲਈ ਲੋੜੀਂਦੀ ਘੱਟ ਮਾਤਰਾ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਾਈ ਸਮੇਂ ਬੀਜ ਵਿੱਚ ਲੋੜ ਅਨੁਸਾਰ ਸੁੱਕੀ ਮਿੱਟੀ ਜਾਂ ਬਰੀਕ ਛਾਣੀ ਹੋਈ ਰੂੜੀ ਰਲਾ ਲੈਣੀ ਚਾਹੀਦੀ ਹੈ।

ਬੀਜ ਉੱਗਣ ਤੋਂ 2-3 ਹਫ਼ਤਿਆਂ ਬਾਅਦ ਬੂਟੇ ਤੋਂ ਬੂਟੇ ਦਾ ਫ਼ਾਸਲਾ 15 ਸੈਂਟੀਮੀਟਰ ਕਰ ਦਿਓ।

**ਖਾਦਾਂ**: ਦਰਮਿਆਨੀ ਉਪਜਾਉ ਸ਼ਕਤੀ ਵਾਲੀਆਂ ਜ਼ਮੀਨਾਂ ਵਿੱਚ 45 ਕਿੱਲੋ ਯੂਰੀਆ (21 ਕਿੱਲੋ ਨਾਈਟ੍ਰਜਨ) ਪ੍ਰਤੀ ਏਕੜ ਬਿਜਾਈ ਸਮੇਂ ਡਰਿੱਲ ਕਰੋ। ਖਾਦ ਦੀ ਲੋੜ ਤੋਂ ਵੱਧ ਵਰਤੋਂ ਨਾਲ ਜ਼ਿਆਦਾ ਫੈਲਾਅ ਹੋਣ ਕਾਰਨ ਫ਼ਸਲ ਡਿੱਗ ਸਕਦੀ ਹੈ ਜਿਸ ਦਾ ਝਾੜ ਤੇ ਮਾੜਾ ਅਸਰ ਪੈਂਦਾ ਹੈ ਅਤੇ ਵਾਢੀ ਵਿੱਚ ਦਿੱਕਤ ਆਉਂਦੀ ਹੈ।

**ਨਦੀਨਾਂ ਦੀ ਰੋਕਥਾਮ**: ਬਿਜਾਈ ਦੇ ਲਗਭਗ ਤਿੰਨ ਹਫਤਿਆਂ ਬਾਅਦ ਇੱਕ ਗੋਡੀ ਕਰੋ।

**ਸਿੰਚਾਈ**: ਵਰਖਾ ਰੁੱਤ ਦੀ ਫ਼ਸਲ ਹੋਣ ਕਾਰਨ ਆਮਤੌਰ ਤੇ ਬਿਜਾਈ ਤੋਂ ਬਾਅਦ ਤਿਲ਼ਾਂ ਨੂੰ ਸਿੰਚਾਈ ਦੀ ਲੋੜ ਨਹੀਂ ਪੈਂਦੀ। ਜੇਕਰ ਲੰਬੇ ਚਿਰ ਤੱਕ ਵਰਖਾ ਨਾ ਹੋਵੇ ਤਾਂ ਫੁੱਲ ਪੈਣ ਅਤੇ ਫਲੀਆਂ ਬਣਨ ਦੀ ਅਵਸਥਾ ਤੇ ਸਿੰਚਾਈ ਕਰੋ।

**ਵਾਢੀ**: ਬੀਜਾਂ ਨੂੰ ਝੜਨ ਤੋਂ ਬਚਾਉਣ ਲਈ ਫ਼ਸਲ ਦੀ ਵੇਲੇ ਸਿਰ ਵਾਢੀ ਬਹੁਤ ਜ਼ਰੂਰੀ ਹੈ।ਜਦੋਂ ਪੱਤੇ ਪੀਲੇ ਪੈਣ ਲੱਗਣ ਅਤੇ ਫਲੀਆਂ ਦਾ ਰੰਗ ਪੀਲਾ-ਹਰਾ ਹੋਣ ਲੱਗੇ, ਫ਼ਸਲ ਦੀ ਕਟਾਈ ਕਰ ਲੈਣੀ ਚਾਹੀਦੀ ਹੈ। ਵਾਢੀ ਤੋਂ ਬਾਅਦ ਬੂਟਿਆਂ ਦੇ ਨਿੱਕੇ-ਨਿੱਕੇ ਪੂਲੇ ਬਣਾ ਕੇ ਸੁੱਕਣ ਲਈ ਕੁਝ ਦਿਨਾਂ ਤੱਕ ਖੇਤ ਵਿੱਚ ਸਿੱਧੇ ਖੜ੍ਹੇ ਰਹਿਣ ਦਿਓ।ਚੰਗੀ ਤਰ੍ਹਾਂ ਸੁੱਕਿਆਂ ਇਨ੍ਹਾਂ ਪੂਲਿਆਂ ਤੋਂ ਕੇਵਲ 2-3 ਝੜਾਈਆਂ ਨਾਲ ਹੀ ਸਾਰੇ ਤਿਲ਼ ਬਾਹਰ ਨਿੱਕਲ ਆਉਂਦੇ ਹਨ।

ਵੀਰੇਂਦਰ ਸਰਦਾਨਾ ਅਤੇ ਇੰਦੂ ਰਿਆਲਚ ਤੇਲਬੀਜ ਸੈਕਸ਼ਨ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ
ਮੋਬਾਇਲ: 94637-47125

# ਬਰਸਾਤ ਦੇ ਮੌਸਮ ਦੌਰਾਨ ਫ਼ਲਦਾਰ ਬੂਟਿਆਂ ਦੇ ਪ੍ਰਬੰਧਨ ਲਈ ਜ਼ਰੂਰੀ ਨੁਕਤੇ

- **ਵਧ ਪਾਣੀ ਕਾਰਨ ਬੂਟੇ ਮਰਣ ਤੋਂ ਬਚਾਓ**: ਸ਼ੁਰੂ ਦੇ ਵਿਚ ਛੋਟੇ ਬੂਟਿਆਂ ਨੂੰ ਜ਼ਿਆਦਾ ਪਾਣੀ ਨਾਲ ਭਰ ਦੇਣਾ, ਉਨ੍ਹਾਂ ਦੇ ਸੁੱਕਣ ਦਾ ਕਾਰਨ ਬਣ ਜਾਂਦਾ ਹੈ। ਅੰਬ, ਪਪੀਤੇ ਵਰਗੇ ਫ਼ਲਦਾਰ ਬੂਟੇ ਜ਼ਿਆਦਾ ਪਾਣੀ ਦੇ ਵਿੱਚ ਮਰ ਜਾਂਦੇ ਹਨ। ਛੋਟੇ ਬੂਟਿਆਂ ਨੂੰ ਪਲਾਂਟਿੰਗ ਬੋਰਡ ਦੀ ਮਦਦ ਨਾਲ ਚੰਗੀ ਤਰ੍ਹਾਂ ਤਿਆਰ ਕੀਤੇ ਟੋਏ ਦੇ ਵਿਚਕਾਰ ਇਸ ਤਰ੍ਹਾਂ ਲਗਾਓ ਕਿ ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਉੱਚਾ ਹੋਵੇ।
- **ਹਲਕੀ ਕਾਂਟ- ਛਾਂਟ**: ਸਿਰਫ਼ ਬੂਟਿਆਂ ਦੇ ਮਰੇ ਹੋਏ ਅਤੇ ਰੋਗੀ ਹਿੱਸਿਆਂ ਨੂੰ ਹਟਾਉਣ ਲਈ ਕੀਤੀ ਜਾਂਦੀ ਹੈ ਤਾਂ ਜੋ ਬਰਸਾਤ ਦੇ ਮੌਸਮ ਵਿੱਚ ਬਿਮਾਰੀ ਨੂੰ ਹੋਰ ਫੈਲਣ ਤੋਂ ਰੋਕਿਆ ਜਾ ਸਕੇ। ਕਾਂਟ- ਛਾਂਟ ਤੋਂ ਬਾਅਦ ਬੋਰਡੋ ਮਿਸ਼ਰਣ 2:2:250 ਦਾ ਛਿੜਕਾਵ ਕਰੋ ।
- **ਨਦੀਨਾਂ ਦੀ ਰੋਕਥਾਮ**: ਬਰਸਾਤ ਦੇ ਮੌਸਮ ਦੌਰਾਨ ਨਦੀਨਾਂ ਨੂੰ ਗੋਡੀ ਕਰਕੇ, ਕਟਾਈ ਅਤੇ ਮਲਚਿੰਗ ਕਰਕੇ ਰੋਕਿਆ ਜਾ ਸਕਦਾ ਹੈ। ਬਰਸਾਤ ਦੇ ਮੌਸਮ ਦੌਰਾਨ ਬਾਗਾਂ ਦੀ ਵਹਾਈ ਨਹੀਂ ਕਰਨੀ ਚਾਹੀਦੀ।
- **ਫਲਾਂ ਦੇ ਫਟਣ ਦੀ ਰੋਕਥਾਮ**: ਇਹ ਆਮ ਤੌਰ ਤੇ ਅਨਾਰ, ਨਿੰਬੂ ਜਾਤੀ, ਲੀਚੀ ਆਦਿ ਵਿੱਚ ਹੁੰਦੀ ਹੈ। ਬਾਗ ਨੂੰ ਹਲਕਾ ਪਾਣੀ ਲਾਉਣਾ ਅਤੇ ਮਲਚਿੰਗ ਕਰਨ ਨਾਲ ਫ਼ਲ ਦੇ ਫਟਣ ਦੀ ਸਮੱਸਿਆ ਨੂੰ ਰੋਕਿਆ ਜਾ ਸਕਦਾ ਹੈ। ਲੀਚੀ ਅਤੇ ਅਮਰੂਦ ਦੇ ਫਲਾਂ ਨੂੰ ਨਾਨ- ਵੋਵਨ ਲਿਫ਼ਾਫੀਆਂ ਨਾਲ ਥੈਲਾਬੰਦੀ ਕਰਨ ਨਾਲ ਫ਼ਲ ਦੇ ਫਟਣ ਤੋਂ ਬਚਾਇਆ ਜਾ ਸਕਦਾ ਹੈ।
- **ਜ਼ਿਆਦਾ ਪਾਣੀ ਨਾਲ ਹੋਣ ਵਾਲੀ ਬਿਮਾਰੀਆਂ ਦੀ ਰੋਕਥਾਮ**: ਜ਼ਿਆਦਾ ਪਾਣੀ ਦੇ ਵਿੱਚ ਨਿੰਬੂ ਜਾਤੀ ਦੇ ਬੂਟੇ ਪੈਰੋਂ ਗਲਣ ਲਗ ਜਾਂਦੇ ਹਨ, ਗੂੰਦ ਨਿਕਲਦੀ ਹੈ, ਛਿਲ ਗਲਣਾ ਸ਼ੁਰੂ ਹੋ ਜਾਂਦੀ ਹੈ ਪੱਤੇ ਹਲਕੇ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਟਾਹਣੀਆਂ ਸੁੱਕਣਾ ਸ਼ੁਰੂ ਹੋ ਜਾਂਦੀ ਹੈ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ 20 ਦਿਨਾਂ ਦੇ ਅੰਤਰਾਲ ਤੇ ਜੂਨ ਤੋਂ ਅਗਸਤ ਤੱਕ ਕਰਕੇ ਇਸ ਬਿਮਾਰੀ ਤੇ ਕਾਬੂ ਕੀਤਾ ਜਾ ਸਕਦਾ ਹੈ।
- **ਫ਼ਲ ਦੀਆਂ ਮੱਖੀਆਂ ਦੀ ਰੋਕਥਾਮ**: ਬਰਸਾਤ ਦੇ ਮੌਸਮ ਦੌਰਾਨ ਨਿੰਬੂ ਜਾਤੀ ਅਤੇ ਅਮਰੂਦ ਦੇ ਫ਼ਲਾਂ ਵਿੱਚ ਫ਼ਲ ਦੀਆਂ ਮੱਖੀਆਂ ਦਾ ਹਮਲਾ ਵਧ ਜਾਂਦਾ ਹੈ। ਇਸ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫ਼ਤੇ ਅਮਰੂਦ ਵਿੱਚ ਅਤੇ ਅਗਸਤ ਦੇ ਦੂਜੇ ਹਫ਼ਤੇ ਕਿੰਨੂ ਵਿਚ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ) ਲਗਾਓ। ਬਰਸਾਤ ਰੁੱਤ ਲਈ ਲੱਗੇ ਅਮਰੂਦ ਦੇ ਫ਼ਲਾਂ ਨੂੰ ਪੱਕਣ ਤੋਂ ਪਹਿਲਾਂ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫੀਆਂ ਵਿੱਚ ਬੰਨ ਦਿਓ।

**ਡਿੰਪੀ ਰੈਨਾ ਅਤੇ ਇੰਦਿਰਾ ਦੇਵੀ, ਫ਼ਲ ਵਿਗਿਆਨ ਵਿਭਾਗ**
**ਮੋਬਾਇਲ**: 94646-59995

# ਬਾਸਮਤੀ ਦੀ ਜੈਵਿਕ ਕਾਸ਼ਤ

**ਪਨੀਰੀ ਦੀ ਬਿਜਾਈ ਅਤੇ ਲੁਆਈ:** ਸਿਫ਼ਾਰਸ਼ ਕੀਤੀਆਂ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਬੀਜੀ ਜਾ ਸਕਦੀ ਹੈ । ਪੈਰ ਗਲਣ ਦੇ ਰੋਗ ਦੀ ਰੋਕਥਾਮ ਲਈ ਬੀਜ ਨੂੰ 15 ਗ੍ਰਾਮ ਟ੍ਰਾਈਕੋਡਰਮਾ ਹਰਜੀਐਨਮ ਪ੍ਰਤੀ ਕਿਲੋ ਬੀਜ ਅਨੁਸਾਰ ਸੋਧ ਲਵੋ । ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਵੀ ਇਸ ਦੀਆਂ ਜੜ੍ਹਾਂ ਨੂੰ ਟ੍ਰਾਈਕੋਡਰਮਾ ਹਰਜੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ 6 ਘੰਟੇ ਡੁਬੋ ਕੇ ਰੱਖੋ। ਇਸ ਤੋਂ ਬਾਅਦ ਐਜ਼ੋਸਪਾਇਰੀਲਮ ਜੀਵਾਣੂੰ ਖਾਦ ਦੇ ਇੱਕ ਪੈਕੇਟ ਨੂੰ ਪਾਣੀ ਵਿੱਚ ਘੋਲ ਲਓ ਅਤੇ ਇੱਕ ਏਕੜ ਲਈ ਪਨੀਰੀ ਦੀਆਂ ਜੜ੍ਹਾਂ ਨੂੰ ਇਸ ਘੋਲ ਵਿੱਚ 45 ਮਿੰਟਾਂ ਲਈ ਡੁਬੋ ਕੇ ਖੇਤ ਵਿੱਚ ਲਗਾਉ।ਬਿਮਾਰੀ ਵਾਲੇ ਬੂਟਿਆਂ ਨੂੰ ਖੇਤ ਵਿੱਚੋ ਪੱਟ ਦੇਣਾ ਚਾਹੀਦਾ ਹੈ ।

**ਨਦੀਨਾਂ ਦੀ ਰੋਕਥਾਮ**: ਜੈਵਿਕ ਖੇਤੀ ਵਿੱਚ ਰਸਾਇਣਕ ਨਦੀਨ ਨਾਸ਼ਕਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਇਸ ਲਈ ਲੁਆਈ ਤੋਂ 20-25 ਦਿਨ ਬਾਅਦ ਤੱਕ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖੋ ।

**ਕੀਟ ਅਤੇ ਰੋਗ ਪ੍ਰਬੰਧ**: ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਸਿਫ਼ਾਰਸ਼ ਕੀਤੇ ਟ੍ਰਾਈਕੋਕਾਰਡਾਂ ਨੂੰ ਪਨੀਰੀ ਬੀਜਣ ਤੋਂ 30 ਦਿਨਾਂ ਬਾਅਦ ਸ਼ੁਰੂ ਕਰਦੇ ਹੋਏ ਹਫ਼ਤੇ-ਹਫ਼ਤੇ ਦੇ ਅੰਤਰ ਤੇ 5-6 ਵਾਰੀ ਵਰਤੋ । ਇਹਨਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਕੱਟੋ ਅਤੇ ਪੱਤਿਆਂ ਦੇ ਹੇਠਲੇ ਪਾਸੇ ਖੇਤ ਵਿੱਚ 40 ਥਾਵਾਂ ਤੇ ਇੱਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰ ਦੇਵੋ । ਇਨ੍ਹਾਂ ਕੀੜਿਆਂ ਦੀ ਰੋਕਥਾਮ ਨਿੰਮ ਆਧਾਰਿਤ ਬਾਇਉ-ਕੀਟਨਾਸ਼ਕਾਂ ਜਿਵੇਂ ਕਿ 80 ਮਿਲੀਲੀਟਰ ਈਕੋਟਿਨ (ਅਜ਼ੈਦੀਰੈਕਟਿਨ 5%) ਜਾਂ ਇੱਕ ਲਿਟਰ ਨੀਮ ਕਵਚ/ਅਚੂਕ (ਅਜ਼ੈਦੀਰੈਕਟਿਨ 0.15%) ਪ੍ਰਤੀ ਏਕੜ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਵੀ ਕੀਤੀ ਜਾ ਸਕਦੀ ਹੈ। ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਫ਼ਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇੱਕ ਸਿਰੇ ਤੋਂ ਦੂਸਰੇ ਸਿਰੇ ਵੱਲ ਜਾਉ ਅਤੇ ਫੇਰ ਉਹਨੀ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਖੇਤ ਵਿੱਚ ਪਾਣੀ ਜ਼ਰੂਰ ਖੜ੍ਹਾ ਹੋਵੇ।

**ਮੰਡੀਕਰਨ ਅਤੇ ਪ੍ਰਮਾਣੀਕਰਨ**: ਮੰਡੀਕਰਨ ਜੈਵਿਕ ਖੇਤੀ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ ਪਰ ਅਜੇ ਤੱਕ ਕੋਈ ਵੀ ਸੰਗਿਠਤ ਮੰਡੀਕਰਨ ਪ੍ਰਣਾਲੀ ਨਹੀਂ ਹੈ। ਇਸ ਲਈ ਸ਼ੁਰੂਆਤ ਵਿੱਚ ਬਾਸਮਤੀ ਦੀ ਕਾਸ਼ਤ ਉਨ੍ਹੇਂ ਰਕਬੇ 'ਤੇ ਹੀ ਕਰੋ ਜਿਸ ਨਾਲ ਘਰੇਲੂ ਅਤੇ ਸਥਾਨਕ ਮੰਡੀ ਦੀਆਂ ਲੋੜਾਂ ਪੂਰੀਆਂ ਹੋ ਸਕਣ। ਮੰਡੀਕਰਨ ਦੇ ਲੋੜੀਂਦੇ ਪ੍ਰਬੰਧ ਹੋਣ ਤੇ ਇਸ ਹੇਠ ਰਕਬਾ ਵਧਾਉ। ਜੈਵਿਕ ਉਤਪ-ਾਦਾਂ ਵਿੱਚ ਖਪਤਕਾਰਾਂ ਦੇ ਵਿਸ਼ਵਾਸ਼ ਨੂੰ ਵਧਾਉਣ ਲਈ ਖੇਤੀ ਫ਼ਾਰਮ ਨੂੰ ਜੈਵਿਕ ਪ੍ਰਮਾਣਿਤ ਕਰਵਾਉਣਾ ਚਾਹੀਦਾ ਹੈ । ਪ੍ਰਮਾਣੀਕਰਨ ਕਰਵਾਉਣ ਲਈ ਨਿਰੀਖਣ ਅਤੇ ਪ੍ਰਮਾਣੀਕਰਨ ਏਜੰਸੀਆਂ ਬਾਰੇ ਵਿਸਥਾਰਤ ਜਾਣਕਾਰੀ ਅਪੀਡਾ (APEDA) ਦੀ ਵੈਬਸਾਈਟ www.apeda.gov.in ਤੋਂ ਲਈ ਜਾ ਸਕਦੀ ਹੈ ।

**ਵਜਿੰਦਰ ਪਾਲ ਕਾਲੜਾ ਅਤੇ ਸਤਪਾਲ ਸਿੰਘ, ਸਕੂਲ ਆਫ਼ ਆਰਗੈਨਿਕ ਫ਼ਾਰਮਿੰਗ**
**ਮੋਬਾਇਲ**:95307-96002

# ਕੱਦੂ ਵਾਲੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਕਿਵੇਂ ਕਰੀਏ?

- ਜੇਕਰ ਕੱਦੂ ਵਾਲੇ ਖੇਤ ਵਿੱਚ ਸਵਾਂਕ ਅਤੇ ਝੋਨੇ ਦੇ ਮੋਥੇ ਹੋ ਜਾਣ ਤਾਂ ਇਹਨਾਂ ਦੀ ਰੋਕਥਾਮ ਲਈ 100 ਮਿਲੀਲਿਟਰ ਪ੍ਰਤੀ ਏਕੜ ਨੌਮਿਨੀਗੋਲਡ/ਵਾਸ਼ ਆਊਟ/ਮਾਚੋਂ/ਤਾਰਕ 10 ਐਸ ਸੀ (ਬਿਸਪਾਇਰੀਬੈਕ) ਦਾ ਛਿੜਕਾਅ ਕਰੋ।
- ਚੀਨੀ ਘਾਹ ਦੀ ਸਮੱਸਿਆ ਲਈ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੌਕਸਾਪ੍ਰੌਪ) ਦੀ ਵਰਤੋਂ ਕਰੋ। ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਘਰਿੱਲਾ, ਸਣੀ ਆਦਿ ਦੀ ਸਮੱਸਿਆ ਹੋਵੇ ਤਾਂ 30 ਗ੍ਰਾਮ ਐਲਗਰਿੱਪ 20 ਡਬਲਯੂ ਜੀ (ਮੈਟਸਲਫੂਰਾਨ) ਜਾਂ 40 ਗ੍ਰਾਮ ਲੌਂਡੈਕਸ 60 ਡੀ ਐਫ (ਬੈਨਸਲਫੂਰਾਨ) ਜਾਂ 50 ਗ੍ਰਾਮ ਸਨਰਾਈਸ 15 ਡਬਲਯੂ ਜੀ (ਇਥੌਕਸੀਸਲਫੂਰਾਨ) ਜਾਂ 16 ਗ੍ਰਾਮ ਸੈਗਮੈਂਟ 50 ਡੀ ਐਫ (ਅਜਿਮਸਲਫੂਰਾਨ) ਜਾਂ 8 ਗ੍ਰਾਮ ਐਲਮਿਕਸ 20 ਡਬਲਯੂ ਪੀ (ਮੈਟਸਫੂਰਾਨ ਮਿਥਾਇਲ 10% + ਕਲੋਰਮਿਯੂਰਾਨ ਇਥਾਇਲ 10%) ਦਾ ਛਿੜਕਾਅ ਕਰੋ।
- ਜੇਕਰ ਸਵਾਂਕ, ਝੋਨੇ ਦੇ ਮੋਥੇ (ਛੱਤਰੀ ਵਾਲਾ ਮੋਥਾ, ਡੰਡੀਆਂ ਵਾਲਾ ਮੋਥਾ, ਘੂੰਈਂ) ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ ਤਾਂ 500 ਮਿਲੀਲਿਟਰ ਪ੍ਰਤੀ ਏਕੜ ਨੋਵੀਕਸਿਡ 3.25 ਓ ਡੀ (ਫਲੋਰਪਾਈਰਾਕਸੀਫੇਨ 1.31% + ਪਿਨੌਕਸੁਲਮ 2.1%) ਦੀ ਵਰਤੋਂ ਕਰੋ। ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ, ਚੌੜੇ ਪੱਤੇ ਵਾਲੇਂ ਨਦੀਨਾਂ ਦੀ ਸਮੱਸਿਆਂ ਹੋਵੇ ਤਾਂ 40 ਗ੍ਰਾਮ ਪ੍ਰਤੀ ਏਕੜ ਏਕੇਤਸੂ 43 ਡਬਲਯੂ ਜੀ (ਬਿਸਪਾਇਰੀਬੈਕ 38% + ਕਲੋਰੀ ਮਿਯੂਰਨ 2.5% + ਮੈਟਸਲਫੂਰਾਨ 2.5%) ਦਾ ਛਿੜਕਾਅ ਕਰੋ।
- ਨਦੀਨਾਂ ਦੀ ਪਰਖ ਦੇ ਆਧਾਰ ਤੇ, ਉੱਪਰ ਲਿਖੇ ਕਿਸੇ ਵੀ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਨਦੀਨਾਂ ਦੀ ਸਹੀ ਰੋਕਥਾਮ ਲਈ ਨਦੀਨਨਾਸ਼ਕ ਦਾ ਛਿੜਕਾਅ ਲੁਆਈ ਤੋਂ 20-25 ਦਿਨਾਂ ਅੰਦਰ (ਜਦੋਂ ਨਦੀਨ 2-4 ਪੱਤਿਆਂ ਤੇ ਹੋਣ) ਕਰਨਾ ਲਾਜ਼ਮੀ ਹੈ।
- ਨਦੀਨਨਾਸ਼ਕਾਂ ਦੇ ਛਿੜਕਾਅ ਸਮੇਂ ਖੇਤ ਵਿੱਚ ਪਾਣੀ ਖੜ੍ਹਾ ਨਹੀ ਹੋਣਾ ਚਾਹੀਦਾ ਅਤੇ ਛਿੜਕਾਅ ਤੋਂ ਅਗਲੇ ਦਿਨ ਪਾਣੀ ਲਗਾਉ। ਨਦੀਨਨਾਸ਼ਕ ਦੇ ਛਿੜਕਾਅ ਲਈ ਫਲੱਡ ਜੈੱਟ (ਕੱਟ) ਜਾਂ ਫਲੈਟ ਫੈਨ (ਟੱਕ) ਵਾਲੀ ਨੋਜ਼ਲ ਦੀ ਵਰਤੋਂ ਕਰੋ। ਫ਼ਸਲ ਤੋਂ ਚੰਗਾ ਝਾੜ ਲੈਣ ਲਈ ਨਦੀਨਨਾਸ਼ਕਾਂ ਦੀ ਸਿਫਾਰਸ਼ ਕੀਤੀ ਮਾਤਰਾ ਹੀ ਵਰਤੋਂ ਅਤੇ ਹਰ ਸਾਲ ਸਿਫਾਰਸ਼ ਕੀਤੇ ਨਦੀਨਨਾਸ਼ਕ ਗਰੁੱਪ ਬਦਲ ਕੇ ਕਰੋ।

**ਅਮਨਦੀਪ ਕੌਰ ਅਤੇ ਨਵਨੀਤ ਕੌਰ ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ ਬਠਿੰਡਾ**
**ਮੋਬਾਇਲ: 94646-59995**

# ਮੱਕੀ ਵਿੱਚ ਨਦੀਨਨਾਸ਼ਕਾਂ ਦੀ ਵਰਤੋਂ ਨਾਲ ਨਦੀਨਾਂ ਦੀ ਰੋਕਥਾਮ

ਮੱਕੀ ਵਿੱਚ ਨਦੀਨਾਂ ਕਰਕੇ ਝਾੜ ਵਿੱਚ 40-60% ਫੀਸਦੀ ਤੱਕ ਕਮੀ ਆ ਸਕਦੀ ਹੈ ਜਿਹੜਾ ਕਿ ਇਸ ਫਸਲ ਵਿੱਚ ਨਦੀਨਾਂ ਦੀ ਰੋਕਥਾਮ ਕਰਨ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ।

| | |
|---|---|
| ਗੁੜਤ ਮਧਾਣਾ/ ਮੱਕੜਾ/ ਤੱਕੜੀ ਘਾਹ/ ਸਵਾਂਕੀ/ ਅਰੈਕਨੀ ਘਾਹ/ ਬਾਂਸ ਪੱਤਾ/ ਕਾਂ ਮੱਕੀ/ਇੱਟਸਿਟ/ ਚੇਧਕ/ ਤਾਂਦਲਾ/ ਚੁਲਾਈ/ ਹਜ਼ਾਰਦਾਣੀ | ਬਿਜਾਈ ਤੋਂ 10 ਦਿਨਾਂ ਦੇ ਅੰਦਰ 500 ਗ੍ਰਾਮ (ਹਲਕੀਆਂ ਜ਼ਮੀਨਾਂ)-800 ਗ੍ਰਾਮ (ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ) ਪ੍ਰਤੀ ਏਕੜ ਐਟਰਾਟਾਫ/ ਮਾਸਟਾਫ/ ਐਟਰਾਗੋਲਡ/ਅਟਾਰੀ/ਟਰੈਕਸ 50 ਡਬਲਊ ਪੀ (ਐਟਰਾਜ਼ੀਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ। ਨਦੀਨਨਾਸ਼ਕ ਦਾ ਖਰਚਾ 370-380 ਰੁਪਏ ਪ੍ਰਤੀ ਏਕੜ ਆਉਂਦਾ ਹੈ।<br>**ਜਾਂ**<br>ਬਿਜਾਈ ਤੋਂ 10 ਦਿਨ 'ਤੇ ਮੱਕੀ ਦੀਆਂ ਕਤਾਰਾਂ ਉੱਪਰ 250 ਗ੍ਰਾਮ ਪ੍ਰਤੀ ਏਕੜ ਐਟਰਾਟਾਫ/ ਮਾਸਟਾਫ/ ਐਟਰਾਗੋਲਡ/ ਅਟਾਰੀ/ਟਰੈਕਸ 50 ਡਬਲਊ ਪੀ (ਐਟਰਾਜ਼ੀਨ) ਦਾ ਛਿੜਕਾਅ ਕਰੋ ਅਤੇ ਕਤਾਰਾਂ ਵਿਚਕਾਰ ਗੋਡੀ ਕਰੋ। ਜਾਂ ਮੱਕੀ ਦੀ ਬਿਜਾਈ ਤੋਂ 20 ਦਿਨਾਂ 'ਤੇ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐਸ ਸੀ (ਟੈਂਬੋਟਰਾਇਨ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਸ ਨਦੀਨਨਾਸ਼ਕ ਦਾ ਖਰਚਾ 1240-1260 ਰੁਪਏ ਪ੍ਰਤੀ ਏਕੜ ਆਉਂਦਾ ਹੈ। |
| ਗੰਡੀ ਵਾਲਾ ਮੋਥਾ (ਡੀਲਾ) | ਬਿਜਾਈ ਤੋਂ 20-25 ਦਿਨ 'ਤੇ 400 ਮਿਲੀਲਿਟਰ ਪ੍ਰਤੀ ਏਕੜ 2,4-ਡੀ ਅਮਾਈਨ ਸਾਲਟ 58 ਈ ਸੀ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।। ਇਸ ਨਦੀਨਨਾਸ਼ਕ ਦਾ ਖਰਚਾ 150-160 ਰੁਪਏ ਪ੍ਰਤੀ ਏਕੜ ਆਉਂਦਾ ਹੈ।<br>ਲੌਡਿਸ 420 ਐਸ ਸੀ (ਟੈਂਬੋਟਰਾਇਨ) ਨਾਲ ਡੀਲੇ ਦੀ ਸਥਾਈ ਰੋਕਥਾਮ ਨਹੀਂ ਹੁੰਦੀ ਅਤੇ ਬੂਟਾ ਦੁਬਾਰਾ ਚੱਲ ਪੈਂਦਾ ਹੈ। |

ਨਦੀਨਨਾਸ਼ਕਾਂ ਦੀ ਵਧੀਆ ਕਾਰਗੁਜ਼ਾਰੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਛਿੜਕਾਅ ਸਹੀ ਢੰਗ ਨਾਲ ਕੀਤਾ ਜਾਵੇ। ਨਦੀਨ ਨਾਸ਼ਕ ਦੀ ਚੋਣ ਫ਼ਸਲ ਵਿਚ ਉੱਗਣ ਵਾਲੇ (ਪਿਛਲੇ ਸਾਲ ਦੇ ਤਜ਼ਰਬੇ ਅਨੁਸਾਰ) ਜਾਂ ਉੱਗੇ ਹੋਏ ਨਦੀਨਾਂ ਦੀ ਕਿਸਮ ਦੇ ਅਨੁਸਾਰ ਕਰੋ। ਨਦੀਨਨਾਸ਼ਕ ਦੇ ਛਿੜਕਾਅ ਲਈ ਹੱਥ ਜਾਂ ਬੈਟਰੀ ਨਾਲ ਚਲਣ ਵਾਲੇ (ਨੈਪ ਸੈਕ ਸਪਰੇਅਰ) ਜਾਂ ਇੰਜਣ ਵਾਲੇ ਜਾਂ ਟਰੈਕਟਰ ਵਾਲੇ ਪੰਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਨਦੀਨ ਨਾਸ਼ਕ ਦੇ ਛਿੜਕਾਅ ਲਈ ਫਲੱਡ ਜ਼ੈਟ ਜਾਂ ਫਲੈਟ-ਫੈਨ ਨੋਜ਼ਲ ਦੀ ਹੀ ਵਰਤੋਂ ਕਰੋ ਅਤੇ ਛਿੜਕਾਅ ਕਰਨ ਸਮੇ ਨੋਜ਼ਲ ਦੀ ਉਚਾਈ ਜ਼ਮੀਨ ਤੋਂ ਜਾਂ ਫ਼ਸਲ ਤੋਂ ਤਕਰੀਬਨ ਡੇਢ ਫੁੱਟ ਉੱਚੀ ਰੱਖੋ। ਆਮ ਤੌਰ ਤੇ ਕਿਸਾਨ ਨਦੀਨਨਾਸ਼ਕਾਂ ਦਾ ਛਿੜਕਾਅ ਬਾਂਹ ਨੂੰ ਇੱਧਰ-ਉੱਧਰ ਘੁਮਾ ਕੇ ਅਤੇ ਨੋਜ਼ਲ ਨੂੰ ਜ਼ਮੀਨ ਤੋਂ ਜ਼ਿਆਦਾ ਉੱਚਾ ਚੁੱਕ ਕੇ ਕਰਦੇ ਹਨ, ਜਿਸ ਕਰਕੇ ਨਦੀਨ ਨੂੰ ਮਾਰਨ ਲਈ ਨਦੀਨਨਾਸ਼ਕ ਦੀ ਪੂਰੀ ਮਾਤਰਾ ਨਹੀਂ ਮਿਲਦੀ ਅਤੇ ਨਦੀਨ ਥੋੜਾ ਸਮਾਂ ਵਾਧਾ ਰੋਕ ਕੇ ਫਿਰ ਚੱਲ ਪੈਂਦਾ ਹੈ।

**ਸਿਮਰਜੀਤ ਕੌਰ, ਮਹੇਸ਼ ਕੁਮਾਰ ਅਤੇ ਸੁਰਿੰਦਰ ਸੰਧੂ, ਫ਼ਸਲ ਵਿਗਿਆਨ ਵਿਭਾਗ**
**ਮੋਬਾਇਲ: 92065-00078**

# ਪੰਜਾਬ ਦੇ ਨੌਜਵਾਨ ਕਿਸਾਨਾਂ ਲਈ ਸਰਵਪੱਖੀ ਖੇਤੀਬਾੜੀ ਦਾ ਤਿਮਾਹੀ ਸਕਿੱਲ ਡਿਵੈਲਪਮੈਂਟ ਸਿਖਲਾਈ ਕੋਰਸ




ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਅਧੀਨ ਸਕਿੱਲ ਡਿਵੈਲਪਮੈਂਟ ਸੈਂਟਰ ਵੱਲੋਂ ਪੰਜਾਬ ਦੇ ਨੌਜਵਾਨ ਕਿਸਾਨਾਂ ਲਈ ਸਰਵਪੱਖੀ **ਖੇਤੀਬਾੜੀ ਦਾ ਤਿਮਾਹੀ ਸਕਿੱਲ ਡਿਵੈਲਪਮੈਂਟ ਸਿਖਲਾਈ ਕੋਰਸ ਮਿਤੀ 01.08.2024 ਤੋਂ 30.10.2024** ਤੱਕ ਕਰਵਾਇਆ ਜਾ ਰਿਹਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਕਰਵਾਏ ਜਾਣ ਵਾਲੇ ਇਸ ਕੋਰਸ ਵਿੱਚ 20 ਤੋਂ 40 ਸਾਲ ਤੱਕ ਦੀ ਉਮਰ ਦੇ ਘੱਟੋ-ਘੱਟ ਦਸਵੀਂ ਪਾਸ ਪੰਜਾਬ ਦੇ ਨੌਜਵਾਨ ਕਿਸਾਨ ਦਾਖਲਾ ਲੈ ਸਕਦੇ ਹਨ। ਸਿਖਿਆਰਥੀਆਂ ਨੂੰ ਖੇਤੀਬਾੜੀ ਦੇ ਵੱਖ-ਵੱਖ ਵਿਸ਼ਿਆਂ ਤੋਂ ਇਲਾਵਾ ਖੇਤੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਦਿੱਤੀ ਜਾਵੇਗੀ । ਚਾਹਵਾਨ ਨੌਜਵਾਨ ਆਪਣੇ ਜ਼ਿਲ੍ਹੇ ਦੇ ਨਜ਼ਦੀਕੀ ਕ੍ਰਿਸ਼ੀ ਵਿਗਿਆਨ ਕੇਂਦਰਾਂ/ਸਕਿੱਲ ਡਿਵੈਲਪਮੈਂਟ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਫਾਰਮ ਪ੍ਰਾਪਤ ਕਰ ਸਕਦੇ ਹਨ ਜਾਂ ਫਿਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀ ਵੈਬਸਾਈਟ (www.pau.edu) ਤੇ ਦਿੱਤੇ ਲਿੰਕ ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।

**ਅਰਜ਼ੀਆਂ ਦਾਖਲ ਕਰਨ ਦੀ ਆਖਰੀ ਮਿਤੀ : 25.07.2024**

**ਇੰਟਰਵਿਊ ਮਿਤੀ 30.07.2024 ਨੂੰ ਸਵੇਰੇ 10.00 ਵਜੇ ਸਕਿੱਲ ਡਿਵੈਲਪਮੈਂਟ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਹੋਵੇਗੀ ।**

ਉਮੀਦਵਾਰ ਦਸਵੀਂ ਪਾਸ ਦਾ ਸਰਟੀਫਿਕੇਟ, ਜਨਮ ਸਰਟੀਫਿਕੇਟ ਜਾਂ ਫੇਰ ਦਸਵੀਂ ਦਾ ਸਰਟੀਫਿਕੇਟ(ਉਮਰ ਦੇ ਸਬੂਤ ਲਈ) ਅਤੇ ਆਧਾਰ ਕਾਰਡ (ਦੋਵੇਂ ਪਾਸੇ) ਅਸਲ ਰੂਪ ਵਿੱਚ ਅਤੇ ਫੋਟੋਕਾਪੀ ਸਹਿਤ ਆਪਣੇ ਨਾਲ ਲੈ ਕੇ ਆਉਣ। ਚੁਣੇ ਗਏ ਸਿਖਿਆਰਥੀਆਂ ਕੋਲੋਂ 1000/- ਬਤੌਰ ਸਕਿਓਰਟੀ ਲਈ ਜਾਵੇਗੀ ਜੋ ਕਿ ਸਫਲਤਾ-ਪੂਰਵਰ ਕੋਰਸ ਪੂਰਾ ਕਰਨ ਵਾਲੇ ਸਿਖਿਆਰਥੀਆਂ ਨੂੰ ਹੀ ਵਾਪਿਸ ਕੀਤੀ ਜਾਵੇਗੀ।

**ਕੋਰਸ ਫੀਸ : 1000/- ਰੁਪਏ**

**ਰਿਹਾਇਸ਼ ਫੀਸ : 300/- ਰੁਪਏ ਪ੍ਰਤੀ ਮਹੀਨਾ**

**ਕੇਵਲ ਸਫਲਤਾਪੂਰਵਕ ਕੋਰਸ ਪੂਰਾ ਕਰਨ ਵਾਲੇ ਸਿਖਿਆਰਥੀਆਂ ਨੂੰ ਹੀ ਸਰਟੀਫਿਕੇਟ ਜਾਰੀ ਕੀਤੇ ਜਾਣਗੇ ।**

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

## ਮੌਸਮ (09-07-2024)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਟੁੱਟਵੀਂ ਬੱਦਲਵਾਈ ਬਣੇ ਰਹਿਣ ਨਾਲ ਕਿਤੇ ਕਿਤੇ ਛਿੱਟੇ ਪੈਣ ਦਾ ਅਨੁਮਾਨ ਹੈ।**

| | |
|---|---|
| ਦਿਨ ਦਾ ਤਾਪਮਾਨ: | 35.6 ਡਿ.ਸੈ. |
| ਰਾਤ ਦਾ ਤਾਪਮਾਨ: | 27.4 ਡਿ.ਸੈ. |
| ਸਵੇਰ ਦੀ ਨਮੀ: | 72% |
| ਸ਼ਾਮ ਦੀ ਨਮੀ: | 59% |
| ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 4.8 ਮਿ.ਮਿ. |
| ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ |
| ਦਿਨ ਦੀ ਲੰਬਾਈ | 14 ਘੰਟੇ 3 ਮਿੰਟ |

### ਆਉਣ ਵਾਲੇ ਦਿਨਾਂ ਵਿੱਚ ਮੌਸਮ ਦਾ ਹਾਲ

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 34-40 | 34-40 | 34-40 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 24-30 | 27-29 | 27-29 |
| ਸਵੇਰ ਦੀ ਨਮੀ (%) | 82-95 | 68-95 | 70-95 |
| ਸ਼ਾਮ ਦੀ ਨਮੀ (%) | 67-85 | 56-85 | 62-85 |

**ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ :** ਅਗਲੇ 3-4 ਦਿਨ੍ਹਾਂ ਵਿੱਚ ਟੁੱਟਵੀਂ ਬੱਦਲ ਵਾਈ ਬਣੇ ਰਹਿਣ ਨਾਲ ਕਿਤੇ-ਕਿਤੇ ਬਾਰਿਸ਼ ਪੈਣ ਦਾ ਅਨੁਮਾਨ ਹੈ।

# ਖੇਤੀ ਫ਼ਸਲਾਂ

**ਝੋਨਾ :** ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸਤ ਲੁਆਈ ਤੋਂ 3 ਅਤੇ 6 ਹਫਤੇ ਬਾਅਦ ਪਾਉ।ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ. 124 ਅਤੇ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ।

**ਨਰਮਾ :** ਆਉਣ ਵਾਲੇ ਦਿਨ੍ਹਾਂ ਵਿੱਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲ ਦੀ।ਇਸ ਲਈ ਬਰਸਾਤ ਦੇ ਮੌਸਮ ਵਿੱਚ ਨਰਮੇ/ਕਪਾਹ ਦੇਖੇ ਤਾਂ 'ਚੋਂ ਫ਼ਾਲ ਪਾਣੀ ਬਾਹਰ ਕੱਢ ਦਿਓ।ਕਪਾਹ ਵਿਰ ਲੀਕਰ ਨਵੇਲੇ ਨਾਈ ਟ੍ਰੋਜ ਨਦੀ ਅੱਧੀ ਖੁਰਾਕ ਪਾਉ।ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕ ਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ।ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾਂ ਕਰੋ।ਫ਼ਸਲ ਦੇ ਵਿਚ ਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 14 ਐੱਸ. ਐੱਲ (ਪੈਰਾਕੁਏਟ) ਦਾ 500 ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪਪਾਵਰ 13.5 ਐਸਐਲ (ਗਲੂਫੋਸੀਨੇਟਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿੱਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ ਜਦੋਂ ਫ਼ਸਲ 6-8 ਹਫ਼ਤਿਆਂ ਦੀ ਹੋਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ। ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋ ਜਦੋਂ ਹਵਾ ਨਾਵ ਗਦੀ ਹੋਵੇ।ਇਹਵੀ ਖ਼ਿਆਲ ਰੱਖੋ ਕਿ ਨਦੀਨ ਨਾਸ਼ਕ ਫ਼ਸਲ ਦੇ ਪੱਤਿਆਂ ਤੇ ਨਾਪਵੇ।

**ਬਾਸਮਤੀ:** ਪੂਸਾ ਬਾਸਮਤੀ1847, ਪੰਜਾਬ ਬਾਸਮਤੀ7 ਪੰਜਾਬ ਬਾਸਮਤੀ-5, ਪੂਸਾ ਬਾਸਮਤੀ1718 ਅਤੇ ਪੂਸਾ 1121 ਕਿਸਮ ਦੀ ਲੁਆਈ ਜੁਲਾਈ ਦੇ ਪਹਿਲੇ ਪੰਦਰਵਾੜੇ ਤੱਕ ਪੂਰੀ ਕਰਲਓ ।ਬਾਸਮਤੀ ਕਿਸਮਾਂ ਨੂੰ ਝੰਡਾ ਰੋਗ ਤੋਂ ਬਚਾਉਣ ਲਈ ਬੀਜ ਅਤੇ ਪਨੀਰੀ ਦੀ ਟਰਾਈ ਕੋਡਰਮਾ ਐਸਪੈਰੇਲਮ 2% ਨਾਲ ਸੋਧ ਕਰੋ।ਜਿਨ੍ਹਾਂ ਕਿਸਾਨਾਂ ਨੇ ਅਜੇ ਬਾਸਮਤੀ ਦੀ ਪਨੀਰੀ ਖੇਤ ਵਿੱਚ ਲਾਉਣੀ ਹੈ ਉਹ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ 15 ਗ੍ਰਾਮ ਟਰਾਈਕੋਡਰਮਾ ਐਸਪੇਰੈਲਮ 2% ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ 6 ਘੰਟੇ ਲਈ ਡੋਬ ਕੇ ਜਰੂਰ ਸੋਧ ਲੈਣ।

**ਹਰੇ ਚਾਰੇ :** ਗੈਰ ਫ਼ਲੀ ਦਾਰ ਅਤੇ ਫ਼ਲੀ ਦਾਰ ਚਾਰੇ ਜਿਵੇਂ ਕਿਮੱਕੀ+ਰਵਾਂਹ ਰਲਾਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ।ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫ਼ੇ ਬਾਅਦ ਲਗਾਤਾਰ ਪਾਣੀ ਦਿਉ।

**ਦਾਲਾਂ** ਮਾਂਹ (ਮਾਂਹ 883, ਮਾਂਹ-114, ਮਾਂਹ 338 ) ਦੀ ਬਿਜਾਈ ਜੁਲਾਈ ਦੇ ਪਹਿਲੇ ਹਫਤੇ ਵਿੱਚ ਕਰੋ।
ਮੂੰਗੀ: ਮੂੰਗੀ ਦੀਆਂ ਕਿਸਮਾਂ (ਐੱਮਐੱਲ-1808, ਐੱਮਐੱਲ-2056 ,ਐਮਐਲ 818 ) ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ।ਪਿਛੇਤੀ ਬਿਜਾਈ ਕਾਰਨ ਫ਼ਸਲ ਦਾ ਝਾੜ ਘਟ ਦਾ ਹੈ

**ਮੱਕੀ :** ਮੱਕੀ ਦੀ ਫਸਲ ਵਿੱਚ ਬਾਰਿਸ਼ ਦਾ ਪਾਣੀ ਖੇਤ ਵਿੱਚ ਨਾ ਖੜ੍ਹਾ ਹੋਣ ਦਿਓ ਕਿਉਂਕਿ ਇਹ ਫ਼ਸਲ ਜ਼ਿਆ ਦਾ ਪਾਣੀ ਨਹੀਂ ਸਹਾਰ ਸਕਦੀ।ਇਸ ਨਾਲ ਤਣਾ ਗਲਣ ਦੇ ਰੋਗ ਵਿੱਚ ਵਾਧਾ ਹੁੰਦਾ ਹੈ।ਮੱਕੀ ਵਿੱਚ ਨਦੀਨਾਂ ਦੀ ਰੋਕ ਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਹਲਕੀਆਂ ਜ਼ਮੀਨਾਂ ਵਿੱਚ ਐਟਰਾਜ਼ੀਨ 50 ਤਾਕਤ 500 ਗ੍ਰਾਮ ਪ੍ਰਤੀ ਏਕੜ ਅਤੇ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।ਬਿਜਾਈ ਤੋਂ 20 ਦਿਨਾਂ ਬਾਅਦ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐਸਸੀ (ਟੈਂਬੋਟਰਾਇਨ) ਦਾਛਿੜਕਾਅ 150 ਲਿਟਰ ਪਾਣੀ ਵਿੱਚ ਘੋਲ ਕੇ ਕਰੋ।

**ਕਮਾਦ :** ਜੇਕਰ ਗੰਨੇਦੀ ਫ਼ਸਲ ਦੇ ਮੁੱਢਾਂ ਤੇ ਮਿੱਟੀ ਚੜ੍ਹਾਉਣ ਦਾ ਕੰਮ ਕਰਲਿਆ ਹੈਤਾਂ ਠੀਕਹੈ, ਨਹੀਂ ਤਾਂ ਇਸ ਮਹੀਨੇ ਇਹ ਕੰਮ ਮੁਕੰਮਲਕਰ ਦਿਉ।ਜੇ ਕਰ ਖੇਤਾਂ ਵਿੱਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ।

# ਬਾਗਬਾਨੀ

ਜੇਕਰ ਬਾਗਾਂ ਵਿੱਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ। ਨਾਸ਼ਪਾਤੀ ਦੇ ਫ਼ਲਾਂ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ 16 ਪੀ.ਏ.ਯੂ. ਫ਼ਰੂਟ ਫ਼ਲਾਇਟਰੈਪ ਪਤੀ ਏਕੜ ਦੇ ਹਿਸਾਬ ਨਾਲ ਲਗਾਉ। ਜਿਹੜੇ ਅਮਰੂਦਾਂਦੇ ਬਾਗਾਂ ਵਿੱਚ ਫ਼ਲ ਦਾ ਅਕਾਰ ਬਣ ਗਿਆ ਹੈ ਅਤੇ ਫ਼ਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ ਉਹਨਾਂ ਬਾਗਾਂ ਵਿੱਚ ਵੀ ਪੀ.ਏ.ਯੂ. ਫ਼ਰੂਟ ਫ਼ਲਾਈਟਰੈਪ ਲਗਾਏ ਜਾ ਸਕਦੇ ਹਨ।ਘਰੇਲੂ ਪੱਧਰ ਤੇ ਅਮਰੂਦਾਂ ਦੇ ਫ਼ਲਾਂ ਨੂੰ ਨਾਨ-ਵੂਵਨ ਲਿਫ਼ਾਫ਼ਿਆਂ ਨਾਲ ਵੀ ਢਕਿਆ ਜਾ ਸਕਦਾਹੈ। ਫ਼ਲ ਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮ ਲਾ ਆਦਿ ਦੇ ਬੂਟਿਆਂ ਦੀ ਯੋਜਨਾ ਬੰਦੀ ਅਤੇ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਾਈਟਪਥੋਰਾ ਨਾ ਦੀ ਬਿਮਾਰੀ ਦੀ ਰੋਕ ਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੰ ਇਸ ਸਮੇ 25 ਗ੍ਰਾਮ ਪ੍ਰਤੀ10 ਲਿਟਰ ਪਾਣੀ ਪ੍ਰਤੀ ਪੌਦਾਦ ਹਿਸਾਬ ਨਾਲ ਚੰਗੀ ਤਰਾਂਹ ਭਿਓਂ ਦਿਉ ।ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿ.ਲੀ. ਸੋਡੀਅਮ ਹਾਈਪੋਕਲੋਰਾਈਟ (5%) 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ।ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉਪਰ ਚੰਗੀ ਤਰਾਂ ਛਿੜਕਾਅ ਕਰੋ।

# ਸਬਜ਼ੀਆਂ

ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਅ-263ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕ ਤ੍ਰਬੀ ਜੋ।ਹਲਵਾ ਕੱਦੂ ਅਤੇ ਵੰਗੇ ਦਾ ਬੀਜ 1ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ। ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿੱਚ ਕੀਤੀ ਜਾ ਸਕਦੀ ਹੈ।

## ਪਸ਼ੂ ਪਾਲਣ

ਪਸ਼ੂ ਨੂੰ ਸ਼ੈੱਡ ਦੇ ਅੰਦਰ ਰੱਖੋ ਅਤੇ ਸ਼ੈੱਡ ਅੰਦਰ ਸਾਫ ਸਫਾਈ ਅਤੇ ਮਲ-ਮੂਤਰ ਦੇ ਨਿਕਾਸ ਦਾ ਪੂਰਾ ਖਿਆਲ ਰੱਖੋ।ਇਸ ਮਹੀਨੇ ਮੱਛਰ, ਮੱਖੀਆਂ ਅਤੇ ਚਿਚੜਾਂ ਦੀ ਗਿਣਤੀ ਵੱਧ ਜਾਂਦੀ ਹੈ ਜੋ ਕਿ ਪਸ਼ੂ ਦਾ ਖੂਨ ਚੂਸਦੇ ਹਨ ਤੇ ਬਿਮਾਰੀ ਫੈਲਾਉਂਦੇ ਹਨ।ਸੋ ਪਸ਼ੂਆਂ ਨੂੰ ਇਨ੍ਹਾਂ ਤੋਂ ਬਚਾਉਣ ਲਈ ਸਮੇਂ ਸਮੇਂ ਤੇ ਸਪਰੇਅ ਕਰਨੀ ਜ਼ਰੂਰੀ ਹੈ ਖਾਸ ਕਰਕੇ ਤਰੇੜਾਂ ਅਤੇ ਕੋਨਿਆਂ ਤੇ।ਦੋ ਹਫਤੇ ਬਾਅਦ ਸਪਰੇਅ ਦੋਬਾਰਾ ਕਰੋ ਅਤੇ ਦਿੱਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਕਰੋ।6 ਮਹੀਨੇ ਤੋਂ ਛੋਟੇ ਬੱਚਿਆਂ, ਪੱਠੇ, ਖੁਰਾਕ ਅਤੇ ਪਾਣੀ ਉਪਰ ਸਪਰੇਅ ਨਹੀਂ ਕਰਨੀ ਚਾਹੀਦੀ।ਪਸ਼ੂ ਨੂੰ ਕਾਲਾ ਜਾਂ ਉੱਲੀ ਲੱਗਿਆ ਦਾਣਾ ਕਦੇ ਵੀ ਨਹੀਂ ਪਾਉਣਾ ਚਾਹੀਦਾ।

## ਜੁਲਾਈ ਮਹੀਨੇ ਦੇ ਸਿਖਲਾਈ-ਕੋਰਸ




### ਕੇ. ਵੀ. ਕੇ. ਬਠਿੰਡਾ (0164-2215619)

ਜੁਲਾਈ 12: ਤਕਨਾਲੋਜੀ ਦੇ ਪਸਾਰ ਲਈ ਸੰਚਾਰ ਦੇ ਹੁਨਰ ਪੈਦਾ ਕਰਨਾ
ਜੁਲਾਈ 15: ਨਰਮੇ ਕਪਾਹ ਵਿੱਚ ਕੀੜਿਆਂ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਜੁਲਾਈ 16: ਪ੍ਰੇਸ਼ਾਨੀ ਤੋਂ ਬਚਣ ਦੇ ਹੱਲ

## ਚੰਗੀ ਖੇਤੀ ਦੇ ਜੁਲਾਈ ਅੰਕ ਵਿੱਚ ਪੜ੍ਹੋ:

ਝੋਨੇ ਅਤੇ ਬਾਸਮਤੀ ਤੋਂ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਉ
ਜੈਵਿਕ ਬਾਸਮਤੀ ਦੀ ਪੌਦ ਸੁਰੱਖਿਆ ਲਈ ਅਹਿਮ ਨੁਕਤੇ
ਸਬਜ਼ੀਆਂ ਦੀ ਸੁਰੱਖਿਅਤ ਖੇਤੀ ਵਿੱਚ ਜੜ੍ਹ ਗੰਢ ਰੋਗ ਦੀ ਰੋਕਥਾਮ
ਸਾਉਣੀ ਦੀ ਮੱਕੀ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਨੁਕਤੇ
ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ
ਕਮਾਦ ਦੀਆਂ ਮੁੱਖ ਬਿਮਾਰੀਆਂ ਅਤੇ ਉਹਨਾਂ ਦੀ ਰੋਕਥਾਮ
ਬਰਸਾਤ ਵਿੱਚ ਨਿੰਬੂ ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਫ਼ਸਲਾਂ ਵਿੱਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ
ਝੰਡਾ ਰੋਗ ਦੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੀ ਟ੍ਰਾਈਕੋਡਰਮਾ.
ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਤੋਂ ਬਚਾਓ
ਬਰਸਾਤਾਂ ਦੌਰਾਨ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ
ਪੀ.ਏ.ਯੂ. ਵੱਲੋਂ ਸਿਫ਼ਾਰਿਸ਼ ਨਿੰਮ ਦੇ ਘੋਲ ਨਾਲ ਸਾਉਣੀ ਦੀਆਂ ਫ਼ਸਲਾਂ ਦੇ ...
ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ ਸੰਬੰਧੀ ਜ਼ਰੂਰੀ ਨੁਕਤੇ
ਸਦਾਬਹਾਰ ਫ਼ਲਦਾਰ ਬੂਟੇ ਲਾਉਣ ਅਤੇ ਸਾਂਭ ਸੰਭਾਲ ਲਈ ਸੁਝਾਅ
ਸਾਉਣੀ ਦੀਆਂ ਫਸਲਾਂ ਵਿੱਚ ਸੂਖਮ ਤੱਤਾਂ ਦੀ ਘਾਟ ਅਤੇ ਪੂਰਤੀ
ਕੱਚੇ ਪਪੀਤੇ ਤੋਂ ਸੁਆਦਲੇ ਪਕਵਾਨ
ਕੰਢੀ ਖੇਤਰ ਵਿੱਚ ਖੇਤੀ ਲਈ ਜ਼ਰੂਰੀ ਹੈ ਭੂਮੀ ਅਤੇ ਪਾਣੀ ਦੀ ਸੰਭਾਲ
ਲਾਹੇਵੰਦ ਹੈ ਤਿਲ਼ਾਂ ਦੀ ਕਾਸ਼ਤ
ਬਰਸਾਤਾਂ ਦੇ ਦਿਨਾਂ ਵਿੱਚ ਰੱਖੋ ਪਸ਼ੂਆਂ ਦਾ ਖਾਸ ਧਿਆਨ
ਕਿਸਾਨੀ ਤੋਂ ਖੇਤੀ ਉਦਯੋਗ ਵੱਲ ਪਰਤਿਆ ਕਿਸਾਨ
ਜਾਮਣ ਦੀਆਂ ਨਵੀਆਂ ਕਿਸਮਾਂ ਤੇ ਉਸ ਦੀ ਕਾਸ਼ਤ ਲਈ ਸਿਫਾਰਸ਼ਾਂ
ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ
ਅਗਸਤ ਮਹੀਨੇ ਦੇ ਖੇਤੀ ਰੁਝੇਵੇਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਗਸਤ 2024 ਦੇ ਸਿਖਲਾਈਨਾਮੇ




**ਸਲਾਨਾ ਚੰਦਾ 200/-**
ਚੰਗੀ ਖੇਤੀ ਮਾਸਿਕ ਰਸਾਲੇ ਦੇ ਮੈਂਬਰ ਬਣਨ ਲਈ ਸੰਪਰਕ ਕਰੋ: ਬਿਜ਼ਨੈਸ ਮੈਨੇਜਰ, ਸੰਚਾਰ ਕੇਂਦਰ ਮੋ: 98884-37011, 0161-2401960 (475)


ਛਾਪਕ : ਡਾ. ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ


ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ।
ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ

# PAU Extends Support Across All Social Media Platforms

Click down





**2401960-79 (Ext. 373,475)**

Join hands with PAU through social media and empower your agricultural journey!